# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸਅਸ ਨਗਰ)

ਹੁਕਮ ਨੰ: 2/44-2018 ਟਰਾਂਸਫਰ ਸੈਲ

ਮਿਤੀ: 02-11-2018

ਹੇਠ ਲਿਖੇ ਅਧਿਆਪਕਾਂ ਦੀਆਂ ਬਦਲੀਆਂ ਲੋਕ ਹਿੱਤ / ਪ੍ਰਬੰਧਕੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਉਹਨਾਂ ਦੇ ਨਾਵਾਂ ਸਾਹਮਣੇ ਦਰਸਾਈਆਂ ਖਾਲੀ ਅਸਾਮੀਆਂ ਵਿਰੁੱਧ ਤਤਕਾਲ ਸਮੇਂ ਤੋਂ ਹੇਠ ਲਿਖੀਆਂ ਸ਼ਰਤਾਂ ਤਹਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ. | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਸਕੂਲ | ਜਿਲ੍ਹਾ | ਜਿਥੇ ਬਦਲੀ ਕੀਤੀ ਜਾਂਦੀ ਹੈ | ਜਿਲ੍ਹਾ |
|---|---|---|---|---|---|---|
| 1 | ਲਾਜਵਰਿੰਦਰ ਸਿੰਘ | ਜੂਨੀਅਰ ਸਹਾਇਕ | ਸਹਸ ਚਵਿੰਡਾ ਕਲ੍ਹਾਂ (ਕੰ) ਅਤੇ ਵਾਧੂ ਚਾਰਜ ਸਹਸ ਮਾਨਾਂਵਾਲਾ | ਅੰਮ੍ਰਿਤਸਰ | ਸਕੰਹਸ ਨੰਗਲ ਮਹਿਤਾ ਅਤੇ ਵਾਧੂ ਚਾਰਜ ਸਕੰਹਸ ਸਠਿਆਲਾ | ਅੰਮ੍ਰਿਤਸਰ |
| 2 | ਲਖਵਿੰਦਰ ਸਿੰਘ | ਜੂਨੀਅਰ ਸਹਾਇਕ | ਸਕੰਹਸ ਨੰਗਲ ਮਹਿਤਾ ਅਤੇ ਵਾਧੂ ਚਾਰਜ ਸਹਸ ਭਿੱਟੇਵੱਡ | ਅੰਮ੍ਰਿਤਸਰ | ਸਹਸ ਚਵਿੰਡਾ ਕਲ੍ਹਾ (ਕੰ) ਅਤੇ ਵਾਧੂ ਚਾਰਜ ਸਹਸ ਮਾਨਾਵਾਲਾ | ਅੰਮ੍ਰਿਤਸਰ |
| 3 | ਬਲਜੀਤ ਕੌਰ ਸਿੱਧੂ | ਅੰਗਰੇਜੀ ਮਿਸਟ੍ਰੈਸ | ਸਹਸ ਬੁਰਜ ਮਾਨਸਾ | ਬਠਿੰਡਾ | ਸਹਸ (ਕੰ) ਭੁੱਚੋ ਮੰਡੀ | ਬਠਿੰਡਾ |
| 4 | ਜਸਵਿੰਦਰ ਕੌਰ | ਸਾਇੰਸ ਮਿਸਟ੍ਰੈਸ | ਸਮਿਸ ਬੂਹ | ਕਪੂਰਥਲਾ | ਸਮਿਸ ਨੱਥੂਪੁਰ ਬਲਾਕ ਅੰਮ੍ਰਿਤਸਰ-4 | ਅੰਮ੍ਰਿਤਸਰ |
| 5 | ਰਾਜ ਕੁਮਾਰ | ਅੰਗਰੇਜੀ ਮਾਸਟਰ | ਸਮਿਸ ਹਰਦੋਪੁਤਲੀ, ਬਲਾਕ ਅਜਨਾਲਾ-1 | ਅੰਮ੍ਰਿਤਸਰ | ਸਸਸਸ ਬੋਲੀਨਾ | ਜਲੰਧਰ |
| 6 | ਤਜਿੰਦਰ ਕੌਰ | ਸਸ ਮਿਸਟ੍ਰੈਸ | ਸਸਸਸ ਕੋਟ ਖਾਲਸਾ | ਅੰਮ੍ਰਿਤਸਰ | ਸਕੰਹਸ ਭੁੱਚੋ ਮੰਡੀ | ਬਠਿੰਡਾ |
| 7 | ਪਰਵਿੰਦਰ ਸਿੰਘ | ਅੰਗਰੇਜੀ ਮਾਸਟਰ | ਸਮਿਸ ਮੰਡ ਖਾਨਪੁਰ | ਲੁਧਿਆਣਾ | ਸਮਿਸ ਗਿਆਸਪੁਰਾ | ਲੁਧਿਆਣਾ |

ਸ਼ਰਤਾਂ:

1. ਅਸਾਮੀ ਖਾਲੀ ਹੋਣ ਦੀ ਸੂਰਤ ਵਿੱਚ ਹੀ ਬਦਲੀ ਲਾਗੂ ਕੀਤੀ ਜਾਵੇਗੀ। ਜੇਕਰ ਅਸਾਮੀ ਖਾਲੀ ਨਹੀਂ ਹੈ ਤਾਂ ਬਦਲੀ ਰੱਦ ਸਮਝੀ ਜਾਵੇਗੀ।
2. ਸਰਪਲਸ ਅਸਾਮੀ ਵਿਰੁੱਧ ਕਿਸੇ ਕਰਮਚਾਰੀ ਨੂੰ ਵੀ ਹਾਜਰ ਨਾ ਕਰਵਾਇਆ ਜਾਵੇ।
3. ਉਪਰੋਕਤ ਅਨੁਸਾਰ ਬਦਲੀ ਹੋਣ ਉਪਰੰਤ ਨਵੇਂ ਤੈਨਾਤੀ ਸਥਾਨ ਤੇ ਜੇਕਰ ਉਸਦਾ ਰਿਜਲਟ ਘੱਟ ਆਉਂਦਾ ਹੈ ਤਾਂ ਉਹ ਜਿੰਮੇਵਾਰ ਹੋਵੇਗਾ ਅਤੇ ਉਸਦੀ ਇਹ ਦਲੀਲ ਨਹੀ ਮੰਨੀ ਜਾਵੇਗੀ ਕਿ ਉਸਨੇ ਲੇਟ ਜੁਆਇਨ ਕੀਤਾ ਹੈ ਇਸ ਲਈ ਰਿਜਲਟ ਘੱਟ ਆਇਆ ਹੈ।
4. ਕਰਮਚਾਰੀ ਦੀ ਪਿਛਲੇ ਤਿੰਨ ਸਾਲ ਦੌਰਾਨ ਪ੍ਰਬੰਧਕੀ ਆਧਾਰ ਤੇ ਬਦਲੀ ਨਾ ਹੋਈ ਹੋਵੇ।
5. ਕਿਸੇ ਕਰਮਚਾਰੀ ਨੂੰ ਨਵੇਂ ਤੈਨਾਤੀ ਸਥਾਨ ਤੇ ਹਾਜਰ ਕਰਵਾਉਣ ਤੋਂ ਪਹਿਲਾਂ ਉਸ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਿਆ ਜਾਵੇ ਜਿੱਥੇ ਨਾਰਮ ਅਨੁਸਾਰ ਵਿਦਿਆਰਥੀ ਨਹੀਂ ਹਨ ਉੱਥੇ ਅਧਿਆਪਕ ਨੂੰ ਹਾਜਰ ਨਾ ਕਰਵਾਇਆ ਜਾਵੇ।
6. ਸਬੰਧਤ ਜਿਲ੍ਹਾ ਸਿੱਖਿਆ ਅਫਸਰ/ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਉਪਰੋਕਤ ਹਦਾਇਤਾਂ ਦੀ ਇੰਨ ਬਿੰਨਪਾਲਣਾ ਯਕੀਨੀ ਬਣਾਈ ਜਾਵੇ ਜੇਕਰ ਸਰਪਲਸ ਪੋਸਟ ਅਤੇ ਘੱਟ ਵਿਦਿਆਰਥੀਆਂਵਾਲੇ ਸਕੂਲ ਵਿੱਚ ਅਧਿਆਪਕ ਨੂੰ ਹਾਜਰ ਕਰਵਾਇਆ ਗਿਆ ਤਾਂ ਉਸਦੀ ਤਨਖਾਹ ਸਬੰਧਤ ਦੇ ਖਾਤੇ ਵਿੱਚੋਂ ਦਿੱਤੀ ਜਾਵੇ।
7. ਜੇਕਰ ਉਪਰੋਕਤ ਸ਼ਰਤਾਂ ਦੀ ਪਾਲਣਾ ਨਾ ਹੋਈ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨਿੱਜੀ ਪੱਧਰ ਤੇ ਜਿੰਮੇਵਾਰ ਹੋਵੇਗਾ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਲਈ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
8. ਅਗਰ ਇਹਨਾ ਬਦਲੀਆ ਵਿਚ ਕਿਸੇ ਅਜਿਹੇ ਨਵਨਿਯੁਕਤ ਅਧਿਆਪਕ ਦੀ ਬਦਲੀ ਹੋ ਗਈ ਹੋਵੇ ਜਿਸ ਦੇ ਨਿਯੁਕਤੀ ਪੱਤਰ ਵਿਚ ਠਹਿਰ ਦੀ ਸ਼ਰਤ ਹੋਵੇ ਅਜਿਹੀ ਬਦਲੀ ਲਾਗੂ ਨਾ ਕੀਤੀ ਜਾਵੇ।
9. ਜੇਕਰ ਵਿਭਾਗ ਵਲੋਂ ਰੈਸ਼ਨੇਲਾਇਜੇਸ਼ਨ ਕੀਤੀ ਜਾਂਦੀ ਹੈ ਤਾਂ ਜੋ ਕਰਮਚਾਰੀ ਇਹਨਾਂ ਬਦਲੀਆਂ ਰਾਹੀ ਸਕੂਲ ਵਿਚ ਤਾਇਨਾਤ ਹੋਵੇਗਾ ਜਿਹਨਾਂ ਕਾਰਨ ਅਸਾਮੀ ਵਾਧੂ ਹੋ ਜਾਵੇਗੀ ਤਾਂ ਉਹਨਾਂ ਨੂੰ ਰੈਸ਼ਨੇਲਾਇਜੇਸ਼ਨ ਅਧੀਨ ਤਬਦੀਲ ਕੀਤਾ ਜਾਵੇਗਾ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ: 02-11-2018

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ/ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
5. ਸਬੰਧਤ ਕਰਮਚਾਰੀ।
6. ਡੀ.ਐਮ, ਐਮ.ਆਈ.ਐਸ ਵਿੰਗ, ਹੁਕਮਾਂ ਦੀ ਕਾਪੀ ਵੈਬਸਾਈਟ ਤੇ ਅਪਲੋਡ ਕਰਨ ਲਈ।

ਸਹਾਇਕ ਡਾਇਰੈਕਟਰ (ਸ:ਪ-2)